## ਡਾਇਰੈਕਟੋਰੇਟ,ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ।
## (ਪੀ.ਬੀ.ਸ਼ਾਖਾ)

---

ਰਜਿਸਟਰਡ
ਸੇਵਾ ਵਿਖੇ,

ਰਜਿਸਟਰਾਰ,
ਬਾਬਾ ਫਰੀਦ ਯੂਨੀਰਿਸਿਟੀ ਆਫ ਹੈਲਥ ਸਾਇੰਸਜ਼,
ਫਰੀਦਕੋਟ।

ਮੀਮੋ ਨੰ: ਪੀ.ਬੀ(5)ਪੰ-2019/ 2004
ਮਿਤੀ ਚੰਡੀਗੜ੍ਹ: 24.6.19

ਵਿਸ਼ਾ:- ਆਡੀਓਮੀਟਰੀ ਟੈਕਨੀਸ਼ੀਅਨ ਦੀਆਂ ਨਵੀਆਂ ਰਚੀਆਂ ਆਸਾਮੀਆਂ ਭਰਨ ਸਬੰਧੀ।

* * * * *

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

ਸਰਕਾਰ ਦੇ ਪੱਤਰ ਨੰ: 2/111/11-4ਸਿ6/4262 ਮਿਤੀ 09-08-11 ਰਾਹੀਂ Audio Metry Technician ਦੀਆਂ 20 ਨਵੀਆਂ ਆਸਾਮੀਆਂ ਦੀ ਰਚਨਾ ਕੀਤੀ ਗਈ ਸੀ ਅਤੇ ਭਰਤੀ ਕਰਨ ਸਬੰਧੀ ਪ੍ਰਵਾਨਗੀ ਜਾਰੀ ਕੀਤੀ ਗਈ ਸੀ। ਸਰਕਾਰ ਦੀ ਇਸ ਪ੍ਰਵਾਨਗੀ ਅਨੁਸਾਰ ਇਸ ਦਫਤਰ ਵੱਲੋਂ ਮਿਤੀ 26-07-2011 ਨੂੰ ਵੱਖ-ਵੱਖ ਆਸਾਮੀਆਂ ਦੇ ਨਾਲ ਇਸ ਕੈਟਾਗਿਰੀ ਦੀਆਂ ਕੁੱਲ 20 ਨਵੀਆਂ ਰਚੀਆਂ ਆਸਾਮੀਆਂ ਭਰਨ ਸਬੰਧੀ ਵਿਗਿਆਪਨ ਦਿੱਤਾ ਗਿਆ ਸੀ। ਪਰ 2011 ਦੌਰਾਨ ਇਨ੍ਹਾਂ ਆਸਾਮੀਆਂ ਦੀ ਭਰਤੀ ਮੁਕੰਮਲ ਨਹੀਂ ਹੋ ਸਕੀ।

ਹੁਣ ਮਿਤੀ 20-06-2019 ਨੂੰ ਸਰਕਾਰ ਵਲੋਂ ਇਨ੍ਹਾਂ ਨਵੀਆਂ ਰਚੀਆਂ ਗਈਆ ਆਸਾਮੀਆਂ ਨੂੰ ਭਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਨ੍ਹਾਂ ਆਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ: | ਆਸਾਮੀ ਦਾ ਨਾਮ | ਤਨਖਾਹ ਸਕੇਲ | ਵਿੱਦਿਅਕ ਅਤੇ ਪ੍ਰੋਫੈਸ਼ਨਲ ਯੋਗਤਾਵਾਂ | ਆਸਾਮੀਆਂ ਦੀ ਗਿਣਤੀ | ਵਰਗੀਕਰਨ |
|---|---|---|---|---|---|
| 1 | Audio Metry Technician | 10300-34800+ 3200 G.P | 1. Should have passed B.Sc (Speech & Hearing/Audiology and Speech therapy) from a recognized University or instituton.<br><br>2. Experience: Working experience of a speech pathologist and audologists one year in teaching institution or General Hospital after obtaining the degree in | 20 | General-10<br>SC (M&B)-3<br>SC(R&O)-2<br>BC-2<br>PH-1<br>Gen. (ESM)-2 |

5437
01/7/19

Scanned by CamScanner

| | | | | | |
|---|---|---|---|---|---|
| | | | audilogy and speech Therapy (F/O & F/B) (Preference given to the experienced candidates)<br><br>3. Can pass Punjabi language exam within 6 months after joining. | | |

ਉਪਰੋਕਤ ਨੂੰ ਮੱਦੇਨਜਰ ਰੱਖਦੇ ਹੋਏ ਆਡੀਓਮੀਟਰੀ ਟੈਕਨੀਸ਼ੀਅਨਾਂ ਦੀਆਂ 20 ਨਵੀਆਂ ਰਚੀਆਂ ਆਸਾਮੀਆਂ ਉਕਤ ਵੇਰਵੇ ਅਨੁਸਾਰ ਭਰਨ ਲਈ ਬਿਨੈਕਾਰਾਂ ਪਾਸੋਂ ਅਰਜੀਆਂ ਮੰਗਣ ਉਪਰੰਤ ਜਿਹੜੇ ਬਿਨੈਕਾਰ ਸ਼ਰਤਾ ਪੂਰੀਆਂ ਕਰਦੇ ਹੋਣ ਉਨ੍ਹਾਂ ਦਾ ਹੀ ਲਿਖਤੀ ਟੈਸਟ ਲੈਣ ਉਪਰੰਤ, ਕਾਊਂਸਲਿੰਗ ਵੀ ਅਪਣੇ ਪੱਧਰ ਤੇ ਕਰਵਾਕੇ ਚੁਣੇ ਗਏ ਉਮੀਦਵਾਰਾਂ ਦਾ ਨਤੀਜਾ/ਸਾਂਝੀ ਮੈਰਿਟ ਸੂਚੀ ਤਿਆਰ ਕਰਕੇ ਤੁਰੰਤ ਇਸ ਦਫ਼ਤਰ ਨੂੰ ਭੇਜੀ ਜਾਵੇ।

**Terms and conditions.**

1. ਬਿਨੈਕਾਰ ਨੂੰ ਅਪਣੀ ਪ੍ਰਤੀ ਬੇਨਤੀ ਵਿਚ ਆਪਣਾ ਰਿਹਾਇਸ਼ੀ ਪੱਕਾ ਪਤਾ ਅਤੇ ਪੱਤ੍ਰ ਵਿਹਾਰ ਲਈ ਪਤਾ ਅੰਕਿਤ ਕਰਨਾ ਲਾਜਮੀ ਹੈ। (ਸਮੇਤ ਦਸਤਾਵੇਜੀ ਸਬੂਤ)।

2. ਬਿਨੈਕਾਰ ਦੀ ਉਮਰ ਮਿਤੀ 1-1-2019 ਨੂੰ 18 ਤੋਂ 37 ਸਾਲ ਤੱਕ, ਪਰੰਤੂ ਐਸ.ਸੀ./ਐਸ.ਟੀ. ਜਾਂ ਦੂਜੀ ਰਾਖਵੀਆਂ ਕੈਟਾਗਰੀਆਂ ਦੇ ਮਾਮਲੇ ਵਿਚ ਪੰਜਾਬ ਸਰਕਾਰ ਵਲੋਂ ਸਮੇਂ ਸਮੇਂ ਸਿਰ ਜਾਰੀ ਉਮਰ ਦੀ ਛੋਟ ਸਬੰਧੀ ਹਦਾਇਤਾਂ ਲਾਗੂ ਹੋਣਗੀਆਂ।

3. ਬਿਨੈਕਾਰ ਨੇ 10ਵੀਂ ਪੱਧਰ ਤੱਕ ਪੰਜਾਬੀ ਵਿਸ਼ੇ ਨਾਲ ਪ੍ਰੀਖਿਆ ਪਾਸ ਕੀਤੀ ਹੋਵੇ। ਜੇਕਰ ਬਿਨੈਕਾਰ ਨੇ ਪੰਜਾਬੀ ਪਾਸ ਨਾ ਕੀਤੀ ਹੋਵੇ ਤਾਂ ਉਸ ਨੂੰ ਨੌਕਰੀ ਤੇ ਜੁਆਇੰਨ ਕਰਨ ਦੀ ਮਿਤੀ ਤੋਂ 6 ਮਹੀਨੇ ਦੇ ਅੰਦਰ-2 ਪੰਜਾਬੀ ਭਾਸ਼ਾ ਦੀ ਪ੍ਰੀਖਿਆ ਪਾਸ ਕਰਨੀ ਪਵੇਗੀ।

4. ਰਾਖਵੀ ਸ਼੍ਰੇਣੀ ਲਈ ਪ੍ਰਾਪਤ ਹੋਏ ਬਿਨੈਪੱਤਰ ਨਾਲ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਖਵੀਂ ਸ਼੍ਰੇਣੀ ਦਾ ਸਰਟੀਫਿਕੇਟ ਜਰੂਰ ਨੱਥੀ ਹੋਣਾ ਚਾਹੀਦਾ ਹੈ। ਇਹ ਸਰਟੀਫਿਕੇਟ ਨਾਲ ਨੱਥੀ ਨਾ ਹੋਣ ਦੀ ਸੂਰਤ ਵਿਚ ਬਿਨੈਕਾਰ ਦੀ ਅਰਜੀ ਨੂੰ ਜਰਨਲ ਸ਼੍ਰੇਣੀ ਵਿਚ ਵਿਚਾਰਿਆ ਜਾਵੇਗਾ ਅਤੇ ਬਿਨੈਕਾਰ ਨੂੰ ਫੀਸ ਵੀ ਜਰਨਲ ਉਮੀਦਵਾਰ ਦੇ ਬਰਾਬਰ ਦੇਣੀ ਹੋਵੇਗੀ, ਪਛੜੀਆਂ ਸ਼੍ਰੇਣੀਆਂ ਦਾ ਸਰਟੀਫਿਕੇਟ ਯੋਗ ਅਥਾਰਟੀ ਪਾਸੋਂ ਬਣਿਆ ਹੋਇਆ ਹੋਣਾ ਚਾਹੀਦਾ ਹੈ। ਰਾਖਵੀਆਂ ਸ਼੍ਰੇਣੀਆਂ

Scanned by CamScanner

ਅਧੀਨ ਅਪਾਲਾਈ ਕਰਨ ਵਾਲੇ ਉਮੀਦਵਾਰਾਂ ਪਾਸ ਤਹਿਸੀਲਦਾਰ ਪਾਸੋ ਪੰਜਾਬ ਵਸਨੀਕ ਦਾ ਤਸਦੀਕਸ਼ੁਦਾ ਸਰਟੀਫਿਕੇਟ ਹੋਣਾ ਲਾਜਮੀ ਹੈ।

5. ਵੱਖ-2 ਕੈਟਾਗਰੀਆਂ ਦੇ ਲਈ ਰਾਖਵਾਕਰਨ ਰਾਜ ਸਰਕਾਰ ਦੀ ਨੀਤੀ ਅਨੁਸਾਰ ਹੀ ਹੋਵੇਗਾ।

6. ਬਿਨੈਕਾਰ ਨੂੰ ਦਸਤਾਵੇਜ਼ ਚੈਕ ਕਰਨ ਲਈ ਕਾਊਸਲਿੰਗ ਲਈ ਬੁਲਾਇਆ ਜਾਵੇਗਾ, ਜਿਸ ਬਾਰੇ ਵਿਭਾਗ ਦੀ ਵੈਬ ਸਾਈਟ ਤੇ ਦਰਸਾਇਆ ਜਾਵੇਗਾ ਅਤੇ ਅਖਬਾਰਾਂ ਵਿੱਚ ਪਬਲਿਕ ਨੋਟਿਸ ਦਿੱਤਾ ਜਾਵੇਗਾ।

7. ਆਸਾਮੀਆਂ ਦੀ ਗਿਣਤੀ ਵਧਾਈ-ਘਟਾਈ ਜਾ ਸਕਦੀ ਹੈ।

8. ਬਿਨੈਕਾਰ ਨੇ ਡਿਗਰੀ/ਡਿਪਲੋਮਾ ਮਾਣਤਾ ਪ੍ਰਾਪਤ ਸੰਸਥਾ/ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ ਹੋਵੇ/ ਕੀਤਾ ਹੋਵੇ।

9. ਜੇਕਰ ਕਿਸੇ ਉਮੀਦਵਾਰ ਵੱਲੋਂ ਆਪਣੀ ਬਣਦੀ ਸ੍ਰੇਣੀ ਤੋਂ ਇਲਾਵਾ ਗਲਤ ਸ਼੍ਰੇਣੀ ਵਿਚ ਅਪਲਾਈ ਕੀਤਾ ਗਿਆ ਤਾਂ ਉਸਨੂੰ ਕਿਸੇ ਹਾਲਤ ਵਿਚ ਵੀ ਸ੍ਰੇਣੀ ਬਦਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

10. ਜੇਕਰ ਕਿਸੇ ਉਮੀਦਵਾਰ ਨੂੰ ਨਿਰਧਾਰਤ ਉਮਰ ਹੱਦ ਤੋਂ ਵੱਧ ਉਮਰ ਹੋਣ ਕਾਰਨ ਅਪਲਾਈ ਵੀ ਕੀਤਾ ਗਿਆ ਤਾਂ ਉਸਦਾ ਆਸਾਮੀ ਲਈ ਕੋਈ ਕਲੇਮ ਨਹੀਂ ਵਿਚਾਰਿਆ ਜਾਵੇਗਾ।

11. ਯੋਗਤਾ ਸਬੰਧੀ ਸਾਰੇ ਸਰਟੀਫਿਕੇਟ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਜਾਰੀ ਹੋਣੇ ਚਾਹੀਦੇ ਹਨ।

ਨੋਟ: **ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮ ਰਾਹੀਂ ਡਿਗਰੀ/ਡਿਪਲੋਮਾ ਪ੍ਰਾਪਤ ਕਰਨ ਵਾਲੇ ਉਮੀਦਵਾਰ ਉਕਤ ਆਸਾਮੀਆਂ ਲਈ ਅਪਲਾਈ ਕਰਨ ਦੀ ਖੇਚਲ ਨਾ ਕਰਨ।**

ਉਪਰੋਕਤ ਆਸਾਮੀਆਂ ਦੀ ਭਰਤੀ ਲਈ ਦਰਖਾਸਤਾਂ ਦੀ ਮੰਗ ਕਰਦੇ ਸਮੇਂ ਉਕਤ ਸਾਰੇ ਤੱਥਾ ਨੂੰ ਅਖਬਾਰਾਂ ਦੇ ਵਿਗਿਆਪਨ ਵਿਚ ਅਤੇ ਵਿਗਿਆਪਨ ਵੈਬਸਾਇਟ ਤੇ ਅਪਲੋਡ ਕਰਨ ਸਮੇਂ ਸ਼ਾਮਲ ਕਰਨਾ ਜਰੂਰੀ ਸਮਝਿਆ ਜਾਵੇ ਅਤੇ ਵਿਗਿਆਪਨਾ ਅਤੇ ਵੈਬਸਾਇਟ ਤੇ ਦਰਸਾਏ ਪਬਲਿਕ ਨੋਟਿਸਾਂ ਦੀ ਸਾਫਟ ਅਤੇ ਹਾਰਡ ਕਾਪੀ ਇਸ ਵਿਭਾਗ ਨਾਲ ਸਾਂਝੀਆਂ ਕੀਤੀਆਂ ਜਾਣ।

Sd/- 25/6/19

**ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ।**

Sd/- 25/6/19

Scanned by CamScanner